# ਪਰਮਾਤਮਾ

ਆਤਮਾ ਅਤੇ ਕਰਮ ਦਾ ਸੰਬੰਧ ਅਨਾਦਿ ਹੈ ਪਰ ਜਦ ਆਤਮਾ ਕਰਮ ਬੰਧ ਤੋਂ ਮੁਕਤ ਅਵਸਥਾ ਪ੍ਰਾਪਤ ਕਰਦਾ ਹੈ ਤਾਂ ਜੈਨ ਧਰਮ ਵਿਚ ਅਜੇਹੀ ਮੁਕਤ ਆਤਮਾ ਨੂੰ ਪ੍ਰਮਾਤਮਾ ਕਿਹਾ ਗਿਆ ਹੈ। ਆਤਮਾ ਅਤੇ ਕਰਮ ਬਾਰੇ ਕਾਫੀ ਕੁਝ ਆਖ ਚੁਕੇ ਹਾਂ। ਇਥੇ ਅਸੀਂ ਉਨਾ ਗੱਲਾਂ ਦੀ ਚਰਚਾ ਕਰਾਂਗੇ, ਜੋ ਜੈਨ ਧਰਮ ਦੇ ਪ੍ਰਮਾਤਮਾ ਸਬੰਧੀ ਵਿਸ਼ਵਾਸ ਨੂੰ ਪ੍ਰਗਟ ਕਰਦੇ ਹਨ।

ਸੰਸਾਰ ਦੇ ਸਾਰੇ ਧਰਮ ਆਸਤਕ ਧਰਮ ਕਿਸੇ ਨਾ ਕਿਸੇ ਰੂਪ ਵਿਚ ਪ੍ਰਮਾਤਮਾ ਜਾਂ ਈਸ਼ਵਰ ਨੂੰ ਮੰਨਦੇ ਹਨ।

ਜੈਨ ਧਰਮ ਅਨੁਸਾਰ ਸੰਸਾਰ ਦਾ ਸਿਰਜਨ ਜਾਂ ਸੰਚਾਲਨ ਕੋਈ ਈਸ਼ਵਰ ਜਾਂ ਈਸ਼ਵਰੀ ਸ਼ਕਤੀ ਨਹੀਂ ਕਰਦੀ। ਜੀਵ ਅਤੇ ਕਰਮ ਇਸ ਦਾ ਸੰਚਾਲਨ ਕਰਦੇ ਹਨ। ਪੁਰਸ਼ਾਰਥ ਜੀਵ ਦਾ ਹੁੰਦਾ ਹੈ ਸਹਾਰਾ ਕਰਮ ਦਾ। ਜੇ ਅਜਿਹਾ ਨਾ ਮਨ ਕੇ, ਈਸ਼ਵਰ ਨੂੰ ਜਗਤ ਦਾ ਕਰਤਾ ਮੰਨ ਲਿਆ ਜਾਵੇ ਤਾਂ ਕਈ ਪ੍ਰਸ਼ਨ ਉਠਦੇ ਹਨ ਜੋ ਈਸ਼ਵਰ ਪ੍ਰਤੀ ਅਵਿਸ਼ਵਾਸ਼ ਨੂੰ ਜਨਮ ਦੇ ਸਕਦੇ ਹਨ :

1] ਈਸ਼ਵਰ ਨੂੰ ਕੀ ਜਰੂਰਤ ਹੈ ਕਿ ਉਹ ਸੰਸਾਰ ਬਨਾਉਣ ਦਾ ਝੰਜਟ ਕਰੇ ?

2] ਈਸ਼ਵਰ ਇਸ ਪ੍ਰਕਾਰ ਦਾ ਨਿਰਮਾਨ ਕਿਉਂ ਕਰਦਾ ਹੈ ?

3] ਈਸ਼ਵਰ ਦਿਆਲੂ ਹੈ। ਜੋ ਈਸ਼ਵਰ ਜਗਤ ਕਰਤਾ ਹੈ ਤਾਂ ਉਹ ਦਿਆਲੂ ਈਸ਼ਵਰ ਜੀਵ ਨੂੰ ਦੁਖ ਦੇਣ ਵਾਲੇ ਪਦਾਰਥਾਂ ਦੀ ਰਚਨਾ ਕਿਉਂ ਕਰਦਾ ਹੈ ?

4] ਈਸ਼ਵਰ ਇਹ ਸਾਰੀ ਰਚਨਾ ਕਿਸ ਸ਼ਰੀਰ ਤੋਂ ਕਰਦਾ ਹੈ ? ਉਹ ਈਸ਼ਵਰ ਕਿਵੇਂ ਬਣਿਆ ਕਿਸ ਤੋਂ ਬਣਿਆ ?

ਇਨ੍ਹਾਂ ਪ੍ਰਮਾਣਾ ਤੇ ਵਿਚਾਰ ਕਰਨ ਤੋਂ ਬਾਂਅਦ ਹੇਠ ਲਿਖੇ ਸਿਟੇ ਨਿਕਲਦੇ ਹਨ :

1) ਜੇ ਈਸ਼ਵਰ ਬਿਨਾਂ ਕਾਰਣ ਤੋਂ ਹੀ ਸ੍ਰਿਸ਼ਟੀ ਦੀ ਉਤਪਤੀ ਤੇ ਵਿਨਾਸ਼ ਕਰਦਾ ਹੈ ਤਾਂ ਇਹ ਮੂਰਖਤਾ ਪੂਰਨ ਖੇਲ ਹੀ ਕਿਹਾ ਜਾਵੇਗਾ।

2) ਜੇ ਈਸ਼ਵਰ ਖੇਡ ਰਚਾਉਂਦਾ ਹੈ ਤਾਂ ਉਹ ਬਾਲਕ ਅਖਵਾਏਗਾ।

3) ਜੇ ਦਿਆ ਕਾਰਣ ਅਜਿਹਾ ਕਰਦਾ ਹੈ ਤਾਂ ਈਸ਼ਵਰ ਸਭ ਨੂੰ ਸੁਖੀ ਕਿਉਂ ਨਹੀਂ ਬਣਾਉਂਦਾ। ਕਿਸੇ ਨੂੰ ਦੁਖੀ ਤੇ ਕਿਸੇ ਨੂੰ ਸੁਖੀ ਕਿਉਂ ਬਣਾਉਂਦਾ ਹੈ। ਕਿਉਂਕਿ ਕਰਤਾ ਵਾਦ ਅਨੁਸਾਰ ਈਸ਼ਵਰ ਸਰਬ ਸ਼ਕਤੀਮਾਨ ਹੈ। ਕਿ ਈਸ਼ਵਰ ਵੀ ਰਾਗ ਦਵੇਸ਼ ਰਖਦਾ ਹੈ।

4) ਜੇ ਈਸ਼ਵਰ ਨਿਆਏ ਧੀਸ਼ ਹੈ ਅਪਰਾਧਾਂ ਦਾ ਦੰਡ ਦੇਣ ਲਈ ਦੁਖ ਦੀ ਰਚਨਾ

ਕਰਦਾ ਹੈ ਤਾਂ ਹਜਾਰਾਂ ਚੋਰਾਂ ਨੂੰ ਦੰਡ ਕਿਉਂ ਨਹੀਂ ਦਿੰਦਾ।

5) ਜੇ ਈਸ਼ਵਰ ਹੀ ਸਭ ਕੁਝ ਕਰਦਾ ਹੈ ਤਾਂ ਫੇਰ ਧਰਮ ਕਰਮ ਕਰਨ ਦੀ ਕੀ ਜ਼ਰੂਰਤ ਹੈ

ਹੁਣ ਪ੍ਰਸ਼ਨ ਖੜਾ ਹੁੰਦਾ ਹੈ ਕਿ ਇਹ ਸਭ ਕੁਝ ਕਰਨ ਦੀ ਤਾਕਤ ਵਾਲਾ ਈਸ਼ਵਰ ਸਰਵ ਸ਼ਕਤੀਮਾਨ ਅਤੇ ਦਿਆਲੂ ਹੈ। ਉਹ ਜੀਵ ਨੂੰ ਉਹ ਅਪਰਾਧ ਕਿਉਂ ਕਰਨ ਦਿੰਦਾ ਹੈ, ਜਿਸ ਕਾਂਰਣ ਉਸ ਨੂੰ ਦੰਡ ਭੋਗਣਾ ਪਵੇ। ਜੇ ਪੁਲਿਸ ਵਾਲੇ ਅੱਖਾਂ ਸਾਹਮਣੇ ਕਿਸੇ ਨੂੰ ਹੱਤਿਆ ਕਰਦੇ ਵੇਖਦੇ ਰਹਿਣ ਤਾਂ ਪੁਲਿਸ ਦੋਸ਼ੀ ਅਖਵਾਏਗੀ? ਕੀ ਇਹ ਸਮਝਿਆ ਜਾਵੇ ਕਿ ਉਸ ਵਿਚ ਅਪਰਾਧੀ ਨੂੰ ਰੋਕਣ ਦੀ ਸ਼ਕਤੀ ਨਹੀਂ? ਜਾਂ ਈਸ਼ਵਰ ਦਿਆ ਰਹਿਤ ਹੈ।

ਇਸ ਤੋਂ ਛੁਟ ਹੋਰ ਪ੍ਰਸ਼ਨ ਵੀ ਉਤਪੰਨ ਹੁੰਦੇ ਹਨ:

1) ਜੇ ਈਸ਼ਵਰ ਸੰਸਾਰ ਦਾ ਸੰਚਾਲਨ ਕਰਦਾ ਹੈ ਤਾਂ ਕਿਥੇ ਬੈਠ ਕੇ ਕਰਦਾ ਹੈ।
2) ਜੇ ਈਸ਼ਵਰ ਸਰੀਰ ਧਾਰੀ ਹੈ ਤਾਂ ਉਸ ਈਸ਼ਵਰ ਦੇ ਸਰੀਰ ਦਾ ਨਿਰਮਾਤਾ ਕੌਣ ਹੈ
3) ਜੇ ਉਹ ਈਸ਼ਵਰ ਨਿਰਾਕਾਰ ਹੈ ਤਾਂ ਨਿਰਅਕਾਰ ਸਕਾਰ ਦੀ ਰਚਨਾ ਕਿਵੇਂ ਕਰ ਸਕਦਾ ਹੈ।
4) ਈਸ਼ਵਰ ਕਿਸ ਪਦਾਰਥ ਨਾਲ ਇੰਦਰੀਆਂ ਦੀ ਰਚਨਾ ਕਰਦਾ ਹੈ? ਕਿ ਉਹ ਪਦਾਰਥ ਸ਼੍ਰਿਸ਼ਟੀ ਤੋਂ ਪਹਿਲਾ ਮੌਜੂਦ ਸਨ?

   ਸੰਸਾਰ ਵਿਚ ਧਾਰਮਿਕ ਆਦਮੀ ਦੁਖੀ ਹਨ। ਕਿ ਦਿਆਲੂ ਭਗਵਾਨ ਇਨਾਂ ਨੂੰ ਦੁੱਖ ਦਿੰਦਾ ਹੈ।
5) ਕਈ ਲੋਕ ਬ੍ਰਹਮਾ, ਵਿਸ਼ਨੂੰ, ਸ਼ਿਵ ਨੂੰ ਸੰਸਾਰ ਦਾ ਰਚਨਹਾਰਾ, ਚਲਾਉਣ ਵਾਲਾ ਅਤੇ ਵਿਨਾਸ਼ ਦਾ ਕਾਰਣ ਮੰਨਦੇ ਹਨ ਜੋ ਇਕ ਈਸ਼ਵਰ ਦੇ ਅਧੀਨ ਕੰਮ ਕਰਦੇ ਹਨ। ਇਨਾਂ ਦੇਵਤਿਆਂ ਨੇ ਕਦ ਸ਼੍ਰਿਸ਼ਟੀ ਦੀ ਰਚਨਾ ਕੀਤੀ ਇਸ ਤੋਂ ਪਹਿਲਾਂ ਕੀ ਸੀ?

ਜੈਨ ਧਰਮ ਅਨੁਸਾਰ ਆਤਮਾ ਹੀ ਪ੍ਰਮਾਤਮਾ ਹੈ ਸ਼ੁਭ ਅਸ਼ੁਭ ਕਰਮ ਦਾ ਕਰਤਾ ਤੇ ਭੋਗਤਾ ਹੈ। ਆਤਮਾ ਹੀ ਸੰਸਾਰ ਵਿਚ ਕਰਮ ਵਸ ਭਟਕ ਰਹੀ ਹੈ ਜੇ ਇਸ ਕਰਮ ਬੰਧਨ ਤੋਂ ਮੁਕਤ ਹੁੰਦਾ ਹੈ ਉਹ ਵੀ ਆਤਮਾ ਹੈ। ਸਵਾਲ ਪੈਦਾ ਹੋ ਸਕਦਾ ਹੈ ਕਿ ਜੜ ਕਰਮ ਪੁਦਗਲ ਚੇਤਨਾ ਆਤਮਾ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਇਸ ਲਈ ਇਕ ਉਦਾਹਰਨ ਕਾਫੀ ਹੈ। ਕਰਮ ਭਾਵੇਂ ਜੜ੍ਹ ਹਨ ਪਰ ਸ਼ਰਾਬ ਦੇ ਨਸ਼ੇ ਦੀ ਤਰਾਂ ਆਤਮਾ ਨੂੰ ਪ੍ਰਭਾਵਿਤ ਕਰਦੇ ਹਨ। ਜੋ ਸ਼ਰਾਬ ਪੀਂਦਾ ਹੈ ਨਸ਼ਾ ਉਸਨੂੰ ਹੁੰਦਾ ਹੈ। ਨਸ਼ਾ ਤੇ ਸ਼ਰਾਬ ਜੜ ਹੋਣ ਦੇ ਬਾਵਜੂਦ ਚੇਤਨ ਆਤਮਾ ਨੂੰ ਪ੍ਰਭਾਵਿਤ ਕਰਦਾ ਹੈ। ਜੀਵ (ਆਤਮਾ) ਕਰਮ ਅਧੀਨ ਹੈ। ਚੰਗੇ ਜਾਂ ਮਾੜੇ ਕਰਮ ਦੀ ਉਤਪਤੀ ਦ ਕਾਰਣ ਆਤਮਾ ਦੇ ਸ਼ੁਭ ਜਾਂ ਅਸ਼ੁਭ ਭਾਵ ਹਨ। ਆਤਮਾ ਤੇ ਕਰਮ ਦਾ ਸੰਬੰਧ ਜੋੜਨ ਦਾ ਕੰਮ ਲੇਸ਼ਿਆਵਾਂ ਕਰਦੀਆਂ ਹਨ।

## ਜੈਨ ਧਰਮ ਨਾਸਿਤਕ ਜਾਂ ਆਸਤਕ

ਜੈਨ ਧਰਮ ਸ਼ੁਧ ਆਸਤਕ ਧਰਮ ਹੈ ਕਿਉਂਕਿ ਇਹ ਆਤਮਾ, ਪ੍ਰਮਾਤਮਾ, ਪੁੰਨ, ਪਾਪ ਨਰਕ, ਸਵਰਗ, ਦੇਵਤਾ ਆਦਿ ਜੂਨਾਂ ਵਿਚਵਿਸ਼ਵਾਸ਼ ਰਖਦਾ ਹੈ: ਮਨੂ ਸਿਮ੍ਰਤੀ ਵਿਚ

ਕਿਹਾ ਗਿਆ ਹੈ "ਵੇਦਾਂ ਦਾ ਨਿੰਦਕ ਨਾਸਤਕ ਹੈ" ਇਸ ਪਖੋਂ ਸਾਂਖਯ ਬੁਧ, ਸਿਖ, ਹਿੰਦੂ, ਮੁਸਲਮਾਨ, ਯਹੂਦੀ ਸਾਰੇ ਨਾਸਤਿਕ ਹੋ ਜਾਂਦੇ ਹਨ। ਚਾਰਵਾਕ ਤੋਂ ਛੁਟ ਕੋਈ ਵੀ ਨਾਸਤਕ ਨਹੀਂ। ਨਾਸ਼ਤਕ ਉਹ ਹੈ ਜੋ ਆਤਮਾ ਦੀ ਹੋਂਦ ਨੂੰ ਨਹੀਂ ਮੰਨਦਾ। ਜੈਨ ਧਰਮ ਅਨੁਸਾਰ ਆਤਮਾ ਅਨਾਦਿ ਕਾਲ ਤੋਂ ਸਧਾਰਨ ਸਰੀਰ ਵਿਚੋਂ ਨਿਕਲ ਕੇ ਸ਼ੁਧ ਅਵਸਥਾ ਵਿਚ ਆਉਣ ਦੀ ਕੋਸ਼ਿਸ਼ ਕਰਦੀ ਹੈ, ਕਰ ਰਹੀ ਹੈ, ਅਤੇ ਕਰੇਗੀ। ਇਸ ਪਰਮਾਤਮਾ ਦੇ ਰਾਹ ਵਿਚ ਰਾਗ, ਦਵੇਸ਼ ਕਾਰਣ ਜਨਮ ਮਰਨ ਦਾ ਚਕਰ ਹੈ। ਜਦ ਆਤਮਾ ਇਨ੍ਹਾਂ ਅੰਦਰਲੇ ਬਾਹਰੇ ਕਾਰਣਾ ਤੋਂ ਮੁਕਤ ਹੋ ਜਾਂਦਾਂ ਹੈ। ਉਹ ਸਚਿਦਾਨੰਦ, ਅਵਿਨਾਸ਼ੀ ਅਖਵਾਉਂਦਾ ਹੈ। ਜੈਨ ਧਰਮ ਈਸ਼ਵਰ ਦੀ ਹੋਂਦ ਤੋਂ ਇਨਕਾਰੀ ਨਹੀਂ। ਪ੍ਰਮਾਤਮਾ ਸ਼ਰੀਰ ਮੁਕਤ ਹੋਣ ਕਾਰਣ ਨਿਰਾਕਾਰ ਹੈ ਅਰਿਹੰਤ ਪ੍ਰਮਾਤਮਾ ਸਾਕਾਰ ਵੀ ਹੈ।

ਕਈ ਲੋਕ ਬਿਨਾ ਸਬੂਤ ਤੋਂ ਈਸ਼ਵਰ ਨੂੰ ਕਰਤਾ ਮੰਨਦੇ ਹਨ ਉਹ ਇਹ ਦਸਣ ਤੋਂ ਇਨਕਾਰੀ ਹਨ ਕਿ ਈਸ਼ਵਰ ਰਚਨਾ ਕਿਸ ਨੇ ਕੀਤੀ? ਕਿਸ ਪਦਾਰਥ ਤੋਂ ਕੀਤੀ? ਜੇ ਈਸ਼ਵਰ ਘੁਮਾਰ ਹੈ ਤਾਂ ਮਿਟੀ ਅਤੇ ਸਮਾਨ ਕੀ ਹੈ? ਜੋ ਇਹ ਸਿਧਾਂਤ ਮਨ ਲਿਆ ਜਾਵੇ ਕਿ ਹਰ ਵਸਤੂ ਦਾ ਕੋਈ ਰਚਿਅਤਾ ਹੈ ਤਾ ਫੇਰ ਈਸ਼ਵਰ ਦੇ ਰਚਿਅਤਾ ਬਾਰੇ ਇਹ ਦਾਰ-ਸ਼ਨਿਕ ਚੁਪ ਕਿਉਂ ਹਨ।

ਅਸੀਂ ਵੇਖਦੇ ਹਾਂ ਕਿ ਰੱਬ ਨੂੰ ਕਰਤਾ ਮੰਨਣ ਵਿਚ ਪ੍ਰਭੂ ਦੇ ਮੂਲ ਗੁਣਾਂ ਵਿਚ ਦੋਸ਼ ਵਿਖਾਈ ਦਿੰਦੇ ਹਨ।

ਕਈ ਲੋਕ ਸੰਸਾਰ ਦੀ ਸੁੰਦਰਤਾ ਕ੍ਰਮ ਦੀ ਰਚਨਾ ਨੂੰ ਵੇਖ ਕੇ ਸੋਚਦੇ ਹਨ ਕਿ ਸ੍ਰਿਸ਼ਟੀ ਕਿਸੇ ਸਮਝਦਾਰ ਪੁਰਸ਼ ਦੀ ਰਚਨਾ ਹੋਵੇਗੀ ਪਰ ਸ੍ਰਿਸ਼ਟੀ ਵਿਚ ਅਨੇਕਾਂ ਵਿਪਰਿਤ ਅਤੇ ਕੂਰ ਪਤਾਨਾ ਵੀ ਹਨ। ਜੇ ਅਸੀਂ ਆਖੀਏ ਕਿ ਹਨੇਰੀ, ਭੂਚਾਲ ਅਤੇ ਰੋਗ ਵੀ ਪ੍ਰਭੂ ਦੀ ਕ੍ਰਿਪਾ ਦਾ ਫਲ ਹਨ ਤਾਂ ਈਸ਼ਵਰ ਵਿਚ ਸਰਬ ਸ਼ਕਤੀਮਾਨ ਅਤੇ ਦਿਆਲੂ ਗੁਣ ਮਨਣ ਵਿਚ ਦੋਸ਼ ਆਵੇਗਾ।

ਜੋ ਲੋਕ ਰੱਬ ਨੂੰ ਸ਼ਾਸਵਤ ਮੰਨਦੇ ਹਨ ਅਤੇ ਮੰਨਦੇ ਹਨ ਕਿ ਉਹ ਆਪ ਹੀ ਸੰਸਾਰ ਦਾ ਰੂਪ ਗ੍ਰਹਿਣ ਕਰਦਾ ਹੈ ਇਹ ਰੱਬ ਨੂੰ ਸ਼ੁਧ ਗਿਆਨਵਾਨ ਮੰਨਦੇ ਹਨ ਜਦ ਰੱਬ ਨੇ ਸੰਸਾਰ ਬਣਾਇਆ ਤਾਂ ਉਸ ਨੇ ਅਜਿਹੀ ਕੇਹੜੀ ਖਾਸ ਵਸਤੂ ਦਾ ਸੁਮੇਲ ਕੀਤਾ ਜੋ ਜੜ ਲਗਦੀ ਹੈ। ਇਥੇ ਇਹ ਸਪਸ਼ਟ ਹੈ ਕਿ ਗਿਆਨ ਅਲਗ ਹੈ ਜੜ੍ਹ (ਸਰੀਰ) ਅਲਗ ਹੈ। ਇਸ ਗੱਲ ਨਾਲ ਜਾਪਦਾ ਹੈ ਕਿ ਰੱਬ ਸ਼ਾਸਵਤ ਨਹੀਂ। ਉਸ ਤੋਂ ਪਹਿਲਾਂ ਕੋਈ ਜੜ ਪਦਾਰਥ ਮੌਜੂਦ ਸੀ।

ਕਈ ਲੋਕ ਮੰਨਦੇ ਹਨ ਕਿ ਰਬ ਨੇ ਵਿਸ਼ੇਸ਼ ਸਮੇਂ ਸੰਸਾਰ ਦੀ ਉਤਪਤੀ ਕੀਤੀ, ਜਦ ਕਿ ਜੈਨ ਮਾਨਤਾ ਹੈ ਕਿ ਸ਼ੁਧ ਚੇਤਨ (ਆਤਮਾ) ਅਤੇ ਜੜ ਅਨੰਤ ਕਾਲ ਤੋਂ ਕਰਮ ਬੰਧ ਕਾਰਣ ਇਕਠੇ ਚਲੇ ਆ ਰਹੇ ਹਨ। ਆਤਮਾ ਤੇ ਪੁਦਗਲ (ਜੜ) ਅਨਾਦਿ ਕਾਲ ਤੋਂ ਇਕਠੇ ਚਲਦੇ ਆ ਰਹੇ ਹਨ। ਆਤਮਾ ਦਾ ਸ਼ੁਧ ਅਸਲ ਸਵਰੂਪ ਇਕ ਹੀ ਹੈ ਚਾਹੇ ਉਹ ਪੁਦਗਲ ਬੰਧ ਸਰੀਰ ਸਾਹਿਤ ਹੋਵੇ ਜਾਂ ਮੁਕਤ। ਸ਼ਰੀਰ ਜੜ ਵਸਤੂ ਹੈ ਸੂਖਮ ਭੌਤਿਕ

ਸ਼ਕਤੀਆਂ ਦੇ ਰੂਪ ਨਾਲ ਮਿਲਿਆ ਹੈ। ਇਸ ਲਈ ਇਨਾਂ ਵਿਚ ਰਾਗ ਦਵੇਸ਼ ਉਤਪੰਨ ਹੁੰਦੇ ਹਨ। ਇਹ ਵਿਕਾਰੀ ਕਸ਼ਾਏ ਕਰਮ ਬੰਧ ਦਾ ਕਾਰਣ ਬਣ ਕੇ ਜੀਵ ਆਤਮਾ ਨੂੰ ਜਨਮ ਮਰਨ ਵਿਚ ਭਟਕਾਉਂਦੇ ਹਨ। ਇਹ ਕ੍ਰਮ ਅਰਿਹੰਤ ਅਵਸਥਾ ਤਕ ਚਲਦਾ ਰਹਿੰਦਾ ਹੈ। ਜਦ ਅਰਿਹੰਤ ਦੇਹ ਤਿਆਗਦੇ ਹਨ ਤਾਂ ਕਰਮ ਪ੍ਰੰਪਰਾ ਖਤਮ ਹੋ ਜਾਂਦੀ ਹੈ।।

ਸਾਰੀਆਂ ਭੌਤਿਕ ਵਸਤੂਆਂ ਦਾ ਕਾਰਣ ਗਿਆਨ ਹੈ। ਪਰ ਜਿਸ ਕੰਮ ਵਿਚ ਗਿਆਨ ਤੇ ਅਗਿਆਨ ਮਿਲੇ ਹੋਣ ਉਹ ਗਿਆਨ ਵਾਲਾ ਕੰਮ ਨਹੀਂ ਕਿਹਾ ਜਾ ਸਕਦਾ। ਸਾਰੀ ਸ੍ਰਿਸ਼ਟੀ ਵਿਚ ਅਜਿਹੇ ਹਜਾਰਾਂ ਉਦਾਹਰਨ ਹਨ ਜੋ ਈਸ਼ਵਰ ਦੀ ਸਰਵ ਸ਼ਕਤੀ ਗੁਣ ਨੂੰ ਵੰਗਾਰਦੇ ਹਨ।

ਜੈਨ ਧਰਮ ਚੇਤਨ ਤੇ ਅਚੇਤਨ ਤੋਂ ਸੰਸਾਰ ਦੀ ਉਤਪਤੀ ਮੰਨਦਾ ਆ ਰਿਹਾ ਹੈ। ਚੇਤਨ ਜੀਵ (ਆਤਮਾ) ਹੈ ਅਚੇਤਨ 5 ਅਜੀਵ ਦਰਵ। ਇਹ ਛੇ ਦਰਵ ਹੀ ਸੰਸਾਰ ਦਾ ਕਰਮ ਹਨ। ਚੇਤਨਾ ਰਾਹੀਂ ਜਾਣੇ ਜਾਂਦੇ ਹਨ। ਜੈਨ ਧਰਮ 6 ਦਰਵ ਦੀ ਉਤਪਤੀ ਨਹੀਂ ਮੰਨਦਾ ਇਨਾਂ ਦਰਵਾਂ ਦੀ ਹੋਂਦ ਨੂੰ ਅਨਾਦਿ ਅਨੰਤ ਮੰਨਦਾ ਹੈ। ਕਿਉਂਕਿ ਜੇ ਕਿਸੇ ਦਰਵ ਦਾ ਸ਼ੁਰੂ ਮਨ ਲਿਆ ਜਾਵੇ, ਤਾਂ ਅੰਤ ਨਿਸ਼ਚਿਤ ਹੈ। ਫੇਰ ਤਾਂ ਆਤਮਾ ਪ੍ਰਮਾਤਮਾ ਦਾ ਅੰਤ ਹੋ ਜਾਣਾ ਚਾਹੀਦਾ ਹੈ। ਇਨਾਂ ਦਰਵਾਂ ਦੀਆਂ ਪਰਿਆਏ (ਅਵਸਥਾਵਾਂ) ਵਰਤਮਾਨ ਸ੍ਰਿਸ਼ਟੀ ਹੈ। ਹਰ ਦਰਵ ਵਿਚ ਉਪਾਦਾਨ ਅਤੇ ਨਮਿਤ ਕਾਰਣ ਹਨ। ਹਰ ਦਰਵ ਵਿਚ ਉਤਪਾਦ (ਉਤਪੰਨ ਹੋਣਾ) ਵਿਆਏ (ਨਾਸ਼ ਹੋਣਾ) ਅਤੇ ਧਰੋਵਯ (ਸਥਿਰਤਾ) ਦੀ ਸ਼ਕਤੀ ਹੈ ਸ਼ਕਤੀ ਹੀ ਸੱਤਾ ਹੈ। ਇਸ ਸੰਸਾਰ ਦਾ ਕੋਈ ਰਚਿਆਤਾ ਨਹੀਂ। ਉਤਪੰਨ ਤੇ ਨਾਸ਼ ਕਰਨ ਵਾਲੀ ਸ਼ਕਤੀ ਇਨਾਂ ਛੇ ਦਰਵਾਂ ਤੋਂ ਵੱਖਰੀ ਕੋਈ ਨਹੀਂ। ਜੈਨ ਧਰਮ ਕਿਸੇ ਬਾਹਰੀ ਸ਼ਕਤੀ ਨੂੰ ਪ੍ਰਮਾਤਮਾ ਨਹੀਂ ਮੰਨਦਾ।

ਜਿਵੇਂ ਰੱਬ ਨੇ ਸਭ ਕੁਝ ਬਨਾਇਆ ਤਾਂ ਫੇਰ ਮਾਸ, ਸ਼ਰਾਬ, ਵਿਭਚਾਰ, ਨਿੰਦਾ ਚੋਰੀ ਕਿਸ ਨੇ ਪੈਦਾ ਕੀਤੀ ਹੈ ? ਕਈ ਲੋਕ ਮੋਕਸ਼ ਪ੍ਰਾਪਤੀ ਲਈ ਰੱਬ ਦਾ ਸਵਰੂਪ ਸਮਝੇ ਬਿਨਾਂ ਰੱਬ ਦੀ ਪੂਜਾ ਕਰਦੇ ਹਨ। ਜੈਨ ਧਰਮ ਕਰਤਾ ਮੰਨਕੇ ਰੱਬ ਦੀ ਪੂਜਾ ਨਹੀਂ ਕਰਦੇ ਸਗੋਂ ਸੰਪੂਰਨ ਪਰਮਾਤਮਾ, ਨੂੰ ਸਰਵੱਗ, ਸੱਚਿਦਾ ਆਨੰਦ, ਸਰਵ ਸ਼ਕਤੀਮਾਨ (ਕਰਮਾਂ ਦੇ ਜੇਤੂ) ਨਿਰਭੈ (ਜਨਮ ਮਰਨ ਦੇ ਭੈ ਤੋਂ ਰਹਿਤ) ਅਤੇ ਨਿਰਵੈਰ (ਰਾਗ ਦਵੇਸ਼ ਦਾ ਜੇਤੂ) ਜਾਣਕੇ ਮੰਨਦੇ ਹਨ। ਉਹ ਅਜਿਹੀ ਆਤਮਾ ਹੈ ਜੋ ਪ੍ਰਾਣੀਆਂ ਨੂੰ ਨਾ ਉਤਪੰਨ ਕਰਦਾ ਹੈ ਨਾ ਹੀ ਕਰਮ ਫਲ ਦਿੰਦਾ ਹੈ। ਵੀਤ ਰਾਗ ਹੈ। ਕਰਮ ਬੰਧ ਤੋਂ ਪਰੇ ਹੈ।

ਜੇ ਰੱਬ ਨੂੰ ਨਿਆਧੀਸ਼ ਮਨ ਲਿਆ ਜਾਵੇ, ਤਾਂ ਸੰਸਾਰ ਦੀ ਅਦਾਲਤ ਦੀ ਤਰ੍ਹਾਂ ਚਰਿਤਰਹੀਣ ਮਨੁੱਖ ਉਸ ਸਰਵ ਸ਼ਕਤੀਮਾਨ ਤੋਂ ਕਾਬੂ ਨਹੀਂ ਆਉਂਦੇ ? ਕਈ ਵਾਰ ਸੰਸਾਰੀ ਅਦਾਲਤ ਵਿਚ ਸੱਚਾ ਪੁਰਸ਼ ਫਸ ਜਾਂਦਾ ਹੈ ਅਤੇ ਝੂਠਾ ਛੁਟ ਜਾਂਦਾ ਹੈ। ਕਈ ਵਾਰ ਪ੍ਰਸ਼ਨ ਹੁੰਦਾ ਹੈ ਜੇ ਪ੍ਰਮਾਤਮਾ ਕਰਤਾ ਨਹੀਂ, ਫਲ ਨਹੀਂ ਦਿੰਦਾ ਤਾਂ ਇਕ ਜਨਮ ਤੋਂ ਦੂਸਰੇ ਜਨਮ ਵਿਚ ਕੌਣ ਲੈ ਕੇ ਜਾਂਦਾ ਹੈ ਕੋਈ ਤਾਂ ਸ਼ਕਤੀ ਹੋਵੇਗੀ ? ਜੈਨ ਦਰਸ਼ਨ ਇਸਦਾ ਉੱਤਰ ਦਿੰਦਾ ਹੈ ਕਿ ਅਰਿਹੰਤ ਅਵਸਥਾ ਤੱਕ ਤੇਜਸ ਤੇ ਕਾਰਮਨ ਸਰੀਰ ਆਤਮਾ ਨੂੰ ਇਕ ਜਨਮ

ਤੋਂ ਦੂਸਰੇ ਜਨਮ ਤਕ ਲੈ ਜਾਂਦੇ ਹਨ। ਤੇਜਸ ਸਰੀਰ ਦੇ ਨਿਰਮਾਨ ਵਿਚ ਸਹਾਇਕ ਹੈ ਅਤੇ ਕਾਰਮਣ ਸਰੀਰ, ਕਰਮਾਂ ਦੇ ਪੁਦਗਲਾਂ ਤੋਂ ਬਣਿਆ ਹੈ। ਕਾਰਮਣ ਸਰੀਰ ਜੀਵ ਦੀ ਕਰਮ ਅਨੁਸਾਰ ਗਤਿ ਤਹਿ ਕਰਦਾ ਹੈ। ਤੇਜਸ ਸਰੀਰ ਦੀ ਪਾਚਨ ਸ਼ਕਤੀ ਦਾ ਕੰਮ ਕਰਦਾ ਹੈ। ਦੋਹੇ ਸੂਖਮ ਅਤੇ ਇੰਦ੍ਰੀਆਂ ਰਹਿਤ ਸਰੀਰ ਹਨ। ਜੈਨ ਧਰਮ ਵਿਚ ਹਰ ਆਤਮਾ ਵਿਚ ਪ੍ਰਮਾਤਮਾ ਬਨਣ ਦੀ ਸ਼ਕਤੀ ਸਵੀਕਾਰ ਕੀਤੀ ਗਈ ਹੈ ਜੈਨ ਧਰਮ ਈਸ਼ਵਰ ਦੇ ਗੁਣਾਂ ਨੂੰ ਪ੍ਰਾਪਤ ਮੁਕਤ ਆਤਮਾਵਾਂ ਦਾ ਉਪਾਸਕ ਹੈ ਰਾਗ ਦਵੇਸ਼ ਕਾਰਣ ਆਤਮਾ ਕਰਮ ਬੰਧਾਂ ਵਿਚ ਫਸੀ ਹੋਈ ਹੈ। ਕਰਮ ਬੰਧ ਤੋਂ ਮੁਕਤ ਅਵਸਥਾ ਹੀ ਈਸ਼ਵਰ ਅਵਸਥਾ ਹੈ। ਗੁਣਾਂ ਪੱਖੋਂ ਈਸ਼ਵਰ ਇਕ ਹੈ ਪਰ ਸੰਖਿਆ ਪੱਖੋਂ ਨਹੀਂ। ਸੰਖਿਆ ਪੱਖੋਂ ਹਰ ਮੁਕਤ ਆਤਮਾ ਪ੍ਰਮਾਤਮਾ ਹੈ। ਜੈਨ ਧਰਮ ਗੁਣ ਪੂਜਕ ਹੈ 'ਵਿਅਕਤੀ ਪੂਜਕ ਨਹੀਂ'। ਜਿਸ ਵਿਚ ਵੀਤਰਾਗਤਾ ਹੈ। ਉਹ ਹੀ ਜੈਨ ਧਰਮ ਵਿਚ ਪੂਜਨ ਯੋਗ ਹੈ।

ਜੈਨ ਧਰਮ ਸ਼ੁਧ ਆਤਮਕ ਧਰਮ ਹੈ ਕਿਉਂਕਿ ਇਹ ਜੈਨ ਧਰਮ ਜੀਵ ਵਾਦੀ ਹੈ ਅਨੇਕਾਂਤਵਾਦੀ ਹੈ, ਨਿਰਵਾਣਵਾਦੀ ਹੈ। ਪ੍ਰਮਾਤਮਾ ਦੇ ਗੁਣਾਂ ਨੂੰ ਮੰਨਦਾ ਹੈ। ਆਤਮਾ, ਨਰਕ, ਸਵਰਗ ਅਤੇ ਕਰਮ ਫਲ ਨੂੰ ਮੰਨਦਾ ਹੈ। ਜੇ ਸੰਸਾਰ ਵਿਚ ਇਕ ਹੀ ਆਤਮਾ ਸੰਸਾਰ ਵਿਚ ਵਿਆਪਤ ਹੈ ਤਾਂ ਸਾਰੇ ਜੀਵ ਇਕੋ ਸਮੇਂ ਇਕ ਕੰਮ ਕਰਦੇ ਹੋਣ। ਪਰ ਭਿੰਨਤਾਵਾਂ ਵੇਖੀਆਂ ਜਾਂਦੀਆਂ ਹਨ। ਜੈਨ ਇਕ ਆਤਮਾ ਤੇ ਇਕ ਪ੍ਰਮਾਤਮਾ ਬਾਰੇ ਵਿਸ਼ਵਾਸ ਨਹੀਂ ਕਰਦਾ। ਇਕ ਆਤਮਾ ਦੇ ਹੋਣ ਤੇ ਸਾਰੀਆਂ ਆਤਮਾ ਦਾ ਸਵਰੂਪ ਇਕ ਹੋਣਾ ਚਾਹੀਦਾ ਹੈ। ਕਰਮ ਗਤੀ ਇਕ ਹੋਣੀ ਚਾਹੀਦੀ ਹੈ ਜਨਮ ਅਤੇ ਮਰਨ ਇਕੋ ਸਮੇਂ ਹੋਣਾ ਚਾਹੀਦਾ ਹੈ। ਪਰ ਇਕ ਵਿਆਪਤ ਆਤਮਾ ਦੇ ਬਾਵਜੂਦ ਇਹ ਭਿੰਨਤਾਵਾਂ ਦਸਦੀਆਂ ਹਨ ਕਿ ਆਤਮਾ ਦਾ ਸ਼ੁਧ ਸਵਰੂਪ ਹੀ ਪ੍ਰਮਾਤਮਾ ਹੈ। ਸੋ ਆਤਮਾ ਦੀ ਕਰਮ ਮੁਕਤ ਅਵਸਥਾ ਹੀ ਪ੍ਰਮਾਤਮਾ ਹੈ। ਪ੍ਰਮਾਤਮਾ ਰਾਗ ਦਵੇਸ਼ ਦੇ ਝਮੇਲੇ ਵਿਚ ਫਸ ਕੇ ਸੰਸਾਰ ਦੀ ਰਚਨਾ ਨਹੀਂ ਕਰਦਾ। ਕਰਤਾਵਾਦ ਨੇ ਨਾਸ਼-ਤਿਕ ਪੁਣੇ ਨੂੰ ਜਨਮ ਦਿਤਾ ਹੈ ਅਤੇ ਆਤਮਾ ਦੀ ਸ਼ਕਤੀ ਨੂੰ ਘਟਾਇਆ ਹੈ।

# ਮੋਕਸ਼ਵਾਦ

ਭਾਰਤੀ ਦਰਸ਼ਨ ਵਿਚ ਮੋਕਸ਼ ਜਾਂ ਨਿਰਵਾਨ ਸਬੰਧੀ ਸਪਸ਼ਟ ਵਿਚਾਰਧਾਰਾ ਜੈਨ ਅਤੇ ਬੁੱਧ ਦਰਸ਼ਨ ਵਿਚ ਮਿਲਦੀ ਹੈ। ਹਿੰਦੂ ਵੇਦਾਂ ਵਿਚ ਸਵਰਗ ਦੇ ਭੌਤਿਕ ਸੁੱਖਾ ਦਾ ਜਿਕਰ ਹੈ। ਉਪਨਿਸਧਾਂ ਅਤੇ ਆਤਮਾ ਨੂੰ ਬ੍ਰਹਮ ਦਾ ਅੰਸ਼ ਕਿਹਾ ਗਿਆ ਹੈ। ਭਾਵ ਇਕ ਆਤਮਾ ਹੀ ਸਾਰੇ ਸੰਸਾਰ ਦੇ ਜੀਵ ਵਿਚ ਸਮਾਈ ਹੈ। ਜਦ ਇਹ ਆਤਮਾ ਕਰਮ ਬੰਧ ਤੋਂ ਮੁਕਤ ਹੁੰਦੀ ਹੈ ਬ੍ਰਹਮ ਵਿਚ ਸਮਾਂ ਜਾਂਦੀ ਹੈ। ਬੁਧ ਧਰਮ ਅਨਾਤਮਵਾਦੀ ਹੈ। ਬੁਧ ਧਰਮ ਆਤਮਾ ਨੂੰ ਅਜਰ ਅਮਰ ਨਹੀਂ ਮੰਨਦਾ। ਜਦ ਆਤਮਾ ਨੇ ਮਰ ਹੀ ਜਾਣਾ ਹੈ ਤਾਂ ਨਿਰਵਾਨ ਕਿਸ ਦਾ ਹੋਣਾ ਹੈ ? ਇਸ ਗੱਲ ਦਾ ਉਤਰ ਬੁਧ ਧਰਮ ਕੋਲ ਨਹੀਂ । ਆਰੀਆ ਸਮਾਜੀ ਮੁਕਤੀ ਤੋਂ ਆਤਮਾ ਦਾ ਵਾਪਸ ਆਉਣਾ ਮੰਨਦੇ ਹਨ। ਪਰ ਕੌਣ ਕੈਦੀ ਹੈ, ਜੋ ਛੁਟਕਾਰਾ ਪਾ ਕੇ ਫੇਰ ਕੈਦ ਵਿਚ ਆਵੇਗਾ। ਸੋ ਮੋਕਸ਼ ਵਾਰੇ ਇਕ ਕ੍ਰਮ ਜੋ ਜੈਨ ਧਰਮ ਵਿਚ ਮਿਲਦਾ ਹੈ। ਹੋਰ ਕਿਸੇ ਧਰਮ ਵਿਚ ਨਹੀਂ। ਮੋਕਸ ਸਵਰਗ ਨਹੀਂ। ਸਵਰਗ ਭੋਗ ਭੂਮੀ ਹੈ। ਚਾਰੇ ਗਤੀਆਂ ਤੋਂ ਜੀਵ ਆਤਮਾ ਦਾ ਛੁਟਕਾਰਾ ਹੋ ਜਾਣਾ ਅਤੇ ਨਿਜ ਸਵਰੂਪ ਵਿਚ ਸਥਿਤ ਹੋਣਾ ਹੀ ਮੋਕਸ਼ ਹੈ।

"ਜਿਵੇਂ ਬੀਜ ਦੇ ਜਲ ਜਾਣ ਤੇ ਬੀਜ ਫੇਰ ਨਹੀਂ ਉਗ ਸਕਦਾ ਉਸੇ ਪ੍ਰਕਾਰ ਕਰਮ ਰੂਪੀ ਬੀਜ ਜਲ ਜਾਣ ਨਾਲ ਸੰਸਾਰ (ਜਨਮ ਮਰਨ) ਰੂਪੀ ਅੰਕੁਰ ਨਹੀਂ ਫੁਟਦਾ।"

**ਜੈਨ ਧਰਮ :**

ਜਦੋਂ ਆਤਮਾ ਸਮਿਅਕ ਗਿਆਨ, ਸਮਿਅਕ ਦਰਸ਼ਨ ਅਤੇ ਸਮਿਅਕ ਚਾਰਿਤਰ ਦੀ ਸਾਧਨਾ ਨਾਲ ਕੇਵਲ ਗਿਆਨ ਪ੍ਰਾਪਤ ਕਰ ਲੈਂਦੀ ਹੈ ਤਾਂ ਉਹ ਨਿਸ਼ਚੇ ਹੀ ਮੋਕਸ਼ ਦੀ ਹੱਕ ਦਾਰ ਹੋ ਜਾਂਦੀ ਹੈ ਇਹੋ ਨਿਰਵਾਨ ਹੈ। ਸਰਵ ਕਰਮ ਦਾ ਖਾਤਮਾ ਹੀ ਮੋਕਸ਼ ਹੈ। ਕਸ਼ਾਏ ਦਾ ਨਾਸ 10 ਵੇਂ ਗੁਣ ਸਥਾਨ ਤਕ ਹੋ ਜਾਂਦਾ ਹੈ।

ਇਕ ਵਾਰ ਬੰਧੇ ਕਰਮ ਦਾ ਕਦੇ ਨਾ ਕਦੇ ਖਾਤਮਾ ਹੋਣਾ ਹੀ ਹੈ। ਖਾਤਮਾ ਹੋਣ ਤੇ ਉਹ ਕਰਮ ਮੁੜ ਪ੍ਰਗਟ ਨਹੀਂ ਹੁੰਦਾ। ਜਦ ਤਕ ਆਸਰਵ ਦਵਾਰ ਖੁਲਾ ਹੈ ਤੱਦ ਤਕ ਕਰਮ ਪ੍ਰਭਾਤ ਆਉਂਦਾ ਹੀ ਰਹਿੰਦਾ ਹੈ। ਜੀਵ ਪਿਛਲੇ ਬੰਧੇ ਕਰਮਾਂ ਨੂੰ ਭੋਗ ਕੇ ਇਸ ਹਨੇਰੇ ਨੂੰ ਆਤਮ ਪ੍ਰਦੇਸ਼ ਤੋਂ ਦੂਰ ਕਰਦਾ ਹੈ। ਨਾਲ ਹੀ ਨਵੇਂ ਕਰਮਾਂ ਨੂੰ ਰਾਗ ਦਵੇਸ਼ ਕਾਰਣ ਬੰਨਦਾ ਹੈ। ਭਾਵ ਕਰਮ ਪ੍ਰਮਾਣੂਆਂ ਦਾ ਆਉਣਾ ਅਤੇ ਬੰਧਨਾ ਬਨਿਆ ਰਹਿੰਦਾ ਹੈ। ਆਸ਼ਰਵ ਦਾ ਨਿਰੋਧ ਹੀ ਸੰਬਰ (ਕਰਮ ਰੋਕਨ) ਦੀ ਸਾਧਨਾ ਹੈ।

ਮਿਥਿਆਤਵ, ਅਵਰਤ, ਪ੍ਰਮਾਦ, ਕਸ਼ਾਏ, ਅਤੇ ਯੋਗ ਇਹ ਪੰਜ ਆਸ਼ਰਵ ਹਨ।

ਇਸ ਤੋਂ ਉਲਟ ਸਮਿਅਕਤਵ, ਵਰਤ, ਅੱਪ੍ਰਮਾਦ, ਅਕਸ਼ਾਏ ਸ਼ੁਧ ਉਪਯੋਗ ਪੰਜ ਸੰਬਰ ਹਨ ਇਨ੍ਹਾਂ ਪੰਜ ਸੰਬਰਾਂ ਦੀ ਅਰਾਧਨਾ ਨਾਲ ਨਾਲ ਕਰਮਬੰਧ ਰੁਕ ਜਾਂਦਾ ਹੈ ਨਵੇਂ ਕਰਮ ਦਾ ਬੰਧ ਨਹੀਂ ਹੁੰਦਾ। ਦੂਸਰੇ ਪਾਸੇ ਪਹਿਲੇ ਕਰਮਾਂ ਦੇ ਖਾਤਮੇ ਲਈ ਨਿਰਜਰਾ ਜ਼ਰੂਰੀ ਹੈ। ਇਸ ਲਈ 12 ਪ੍ਰਕਾਰ ਦੇ ਤੱਪ ਦਾ ਵਿਧਾਨ ਹੈ। ਇਨ੍ਹਾਂ ਤੱਪ ਦੀ ਠੀਕ ਅਰਾਧਨਾ ਰਾਹੀਂ ਆਤਮਾ ਤੋਂ ਕਰਮਾਂ ਦੀ ਮੈਲ ਇਸ ਤਰ੍ਹਾਂ ਝੜ ਜਾਂਦੀ ਹੈ ਜਿਵੇਂ ਕੁਠਾਲੀ ਵਿਚੋਂ ਸ਼ੁਧ ਸੋਨਾ ਬਾਹਰ ਆ ਜਾਂਦਾ ਹੈ। ਸ਼ਾਸਤਰਾਂ ਵਿਚ ਮੁਕਤੀ ਪ੍ਰਾਪਤੀ ਲਈ ਇਹ ਵਿਵਹਾਰਿਕ ਸਾਧਨ (ਉਦਮ) ਹਨ। ਨਿਸ਼ਚੇ ਪਖੋਂ ਪਰ ਪਦਾਰਥਾਂ ਪ੍ਰਤਿ ਮਮਤਾ ਨਾਂ ਕਰਨਾ, ਪਰ ਭਾਵ ਵਿਚ ਜਾਨ ਤੋਂ ਆਤਮਾ ਨੂੰ ਰੋਕਨ ਦਾ ਨਾਮ ਹੀ ਸਮਿੱਅਕ ਤੱਪ ਹੈ।

ਜਦ ਸਰਵਗ ਭਗਵਾਨ ਯੋਗ ਨਿਰੋਧ ਦੇ ਕ੍ਰਮ ਵਿਚ ਅਖੀਰ ਤੇ ਸੂਖਮ ਸਰੀਰ ਯੋਗ ਦਾ ਆਸਰਾ ਲੈ ਕੇ ਬਾਕੀ ਯੋਗਾਂ ਨੂੰ ਰੋਕ ਦਿੰਦੇ ਹਨ ਇਹ ਸੂਖਮ ਕ੍ਰਿਆ ਅਪ੍ਰਤਿਪਾਤੀ ਧਿਆਨ ਹੈ। ਇਹ ਧਿਆਨ 13 ਵੇਂ ਗੁਣ ਸਥਾਨ ਦੇ ਅੰਤ ਵਿਚ ਹੁੰਦਾ ਹੈ। ਜਦ ਸਰਵਗ ਅਰਿਹੰਤ ਭਗਵਾਨ ਦਾ ਕਾਈਆ ਯੋਗ ਅਤਿ ਸੂਖਮ ਰਹਿ ਜਾਂਦਾ ਹੈ ਤਾਂ ਸਵਾਸੋਸਵਾਸ਼ ਦੀ ਤਰਾਂ ਸੂਖਮ ਕ੍ਰਿਆ ਬਾਕੀ ਰਹਿ ਜਾਂਦੀ ਹੈ। ਜਦ ਸ਼ਰੀਰ ਦੀ ਇਹ ਕ੍ਰਿਆ ਵੀ ਬੰਦ ਹੋ ਜਾਂਦੀ ਹੈ ਤਾਂ ਆਤਮ ਪ੍ਰਦੇਸ਼ ਮਨ, ਵਚਨ ਤੇ ਕਾਈਆ ਦੇ ਯੋਗ ਨੂੰ ਰੋਕ ਕੇ ਨਿਸ਼ਕੰਪ ਹੋ ਜਾਂਦੇ ਹਨ। ਇਹ 14 ਵੇਂ ਗੁਣ ਸਥਾਨ ਦੀ ਸਥਿਤੀ ਹੈ।

## ਮੋਕਸ਼

ਉੱਚੀ, ਛੋਟੀ, ਦਰਮਿਆਨੀ ਹਰ ਅਕਾਰ ਦੇ ਮਨੁੱਖ ਸਿੱਧ ਹੋ ਸਕਦੇ ਹਨ। ਜੈਨ ਦਰਸ਼ਨ ਅਨੁਸਾਰ ਹਰ ਦੇਸ, ਜਾਤੀ, ਕੁਲ, ਥਾਂ, ਭੇਖ ਅੰਦਰ ਸਿਧ ਗਤਿ ਪ੍ਰਾਪਤ ਕਰ ਸਕਦੇ ਹਨ। ਵੀਤਰਾਗੀ ਜੀਵਾਂ ਲਈ ਮੋਕਸ਼ ਕਠਿਨ ਨਹੀਂ। ਮੋਕਸ਼ ਗੁਣਾ ਤੇ ਆਤਮਿਕ ਭਾਵਾਂ ਦਾ ਹੈ। ਇਕ ਸਮੇਂ ਵਿਚ 108 ਪੁਰਸ਼, 20 ਇਸਤਰੀਆਂ, 10 ਨਪੁੰਸਕ ਮੋਕਸ਼ ਪਾ ਸਕਦੇ ਹਨ। ਘੱਟ ਅਕਾਰ (ਅਵਗਾਹਨ) ਵਿਚ ਦੋ ਹੱਥ ਉੱਚੀ ਅਵਗਾਹਨਾ ਵਿਚ ਦਰਮਿਆਨੀ ਵਿਚ 108 ਸਿੱਧ ਹੋ ਸਕਦੇ ਹਨ। ਜੈਨ ਆਗਮਾ ਨੇ ਮੋਕਸ਼ ਤੋਂ ਬਾਅਦ ਦੀ ਸਥਿਤੀ ਦਾ ਵਰਨਣ ਕੀਤਾ ਹੈ। ਜੋ ਇਸ ਪ੍ਰਕਾਰ ਹੈ : ਜੀਵ ਆਤਮਾ ਚਾਰ ਕਰਮਾਂ ਦਾ ਖਾਤਮਾ ਹੁੰਦੇ ਹੀ ਸਾਕਾਰ ਉਪਯੋਗ ਸਹਿਤ ਇਕ ਸਮੇਂ ਵਿਚ ਲੋਕ ਦੇ ਉਚਾਈ ਤੇ ਪਹੁੰਚ ਜਾਂਦਾ ਹੈ। ਇਕੋ ਸਮੇਂ ਇਕ ਨਾਲ ਤਿੰਨ ਕੰਮ ਹੁੰਦੇ ਹਨ 1) ਸਾਰੇ ਤਰਾਂ ਦੇ ਸ਼ਰੀਰਾਂ ਦਾ ਖਾਤਮਾ, ਸਿਧ ਗਤੀ ਵਲੋਂ ਯਾਤਰਾ ਅਤੇ ਲੋਕਾਂਤ ਸਥਿਤੀ। ਮੁਕਤ ਆਤਮਾ ਸ਼ਰੀਰ ਛਡਦੇ ਹੀ ਉਰਧਵ ਗਤਿ ਵਲ ਜਾਂਦਾ ਹੈ। ਭਗਵਾਨ ਮਹਾਵੀਰ ਆਖਦੇ ਹਨ "ਹੇ ਗੌਤਮ ! ਸਿੱਧ ਭਗਵਾਨ ਨਾ ਇਸ਼ ਰਤਨ ਪ੍ਰਭਾ (ਨਰਕ) ਪ੍ਰਿਥਵੀ ਦੇ ਹੇਠਾ ਹਨ ਨਾ ਕਿਸੇ ਦੇਵ ਲੋਕ ਤੋਂ ਹੇਠਾਂ ਹਨ।

ਮੋਕਸ਼ ਪ੍ਰਾਪਤੀ ਕਾਲ, ਸੁਭਾਵ, ਨਿਯਤੀ, ਪਿਛਲੇ ਕਰਮਾ ਦਾ ਖਾਤਮਾ ਅਤੇ ਪੁਰਸਾਰਥ

ਦੇ ਸੁਮੇਲ ਦਾ ਨਾ ਹੈ। ਭੱਵਯ (ਆਤਮ) ਕਾਲ ਆਉਣ ਤੇ ਮੋਕਸ਼ ਜਾਂਦੇ ਹਨ। ਕਾਲ ਨਾਲ ਸੁਭਾਵ ਜੁੜੀਆ ਹੈ। ਕਾਲ ਤੇ ਸੁਭਾਵ ਮਿਲਕੇ ਨਿਅਤੀ ਨੂੰ ਜਨਮ ਦਿੰਦੇ ਹਨ। ਜੇ ਨਿਅਤੀ ਨਾ ਹੋਵੇ ਤਾਂ ਸਾਰੇ ਜੀਵ ਇਕੋ ਸਮੇਂ ਮੋਕਸ਼ ਚਲੇ ਜਾਣ। ਕਾਲ, ਸੁਭਾਵ, ਨਿਅਤੀ ਤੇ ਨਾਲ ਪੁਰਸ਼ਾਰਥ (ਧਰਮ ਅਰਾਧਨਾ) ਦੀ ਜ਼ਰੂਰਤ ਹੈ। ਮੋਕਸ਼ ਪ੍ਰਾਪਤੀ ਇਕਲੀ ਮਨੁਖਾਂ ਲਈ ਹੈ। ਜਿਨ੍ਹਾਂ ਬੜਾ ਮਨੁੱਖ ਲੋਕ ਉਨ੍ਹਾਂ ਬੜਾ ਹੀ ਸਿੱਧ ਸਥਾਨ ਹੈ। ਮੁਕਤੀ ਕਿਤੇ ਵੀ ਹੋ ਸਕਦੀ ਹੈ।

ਸੁਆਲ ਪੈਦਾ ਹੁੰਦਾ ਹੈ ਜਿਥੇ ਇਕ ਸਿੱਧ ਹੈ ਉਥੇ ਅਨੰਤ ਸਿੱਧ ਕਿਵੇਂ ਟਿਕਦੇ ਹਨ। ਇਸ ਦੇ ਉੱਤਰ ਵਿਚ ਆਖਿਆ ਜਾ ਸਕਦਾ ਹੈ "ਜੇ ਕਿਸੇ ਕਮਰੇ ਵਿਚ ਇਕ ਹਜ਼ਾਰ ਵੋਲਟ ਦਾ ਬਲਬ ਪ੍ਰਕਾਸ਼ ਕਰ ਰਿਹਾ ਹੈ ਤਾਂ ਉਸੇ ਕਮਰੇ ਵਿਚ ਓਨੀ ਹੀ ਹੋਰ ਸ਼ਕਤੀ ਦੇ ਬਲਬ ਲਗਾਏ ਜਾਣ। ਸਭ ਦਾ ਆਪਣਾ ਪ੍ਰਕਾਸ਼ ਹੋਵੇਗਾ। ਕੋਈ ਪ੍ਰਕਾਸ਼ ਦੂਸਰੇ ਪ੍ਰਕਾਸ਼ ਦੀ ਰੁਕਾਵਟ ਨਹੀਂ ਬਨ ਸਕਦਾ। ਸਾਰੇ ਪ੍ਰਕਾਸ਼ਾ ਦੀ ਸੁਤੰਤਰ ਸੱਤਾ ਹੈ। ਜਿਵੇਂ ਪ੍ਰਕਾਸ਼ ਪੁਦਗਲ ਹੋਣ ਤੇ ਵੀ ਉਸ ਵਿਚ ਟਕਰਾਉ ਨਹੀਂ। ਇਸੇ ਤਰਾਂ ਆਤਮਾ ਪ੍ਰਦੇਸ਼ਾ ਵਿਚ ਕਿਵੇਂ ਟਕਰਾਉ ਸੰਭਵ ਹੈ। ਸਿੱਧ ਆਜ਼ਾਦ ਹਨ ਉਹ ਹਰ ਪ੍ਰਕਾਰ ਦੇ ਸ਼ਰੀਰ ਤੋਂ ਮੁਕਤ ਹਨ।

# ਪ੍ਰਮਾਣ ਨਯਵਾਦ

## ਪ੍ਰਮਾਣ

ਪਦਾਰਥ ਦਾ ਗਿਆਨ ਦੋ ਪ੍ਰਕਾਰ ਨਾਲ ਹੁੰਦਾ ਹੈ ਕਿਸੇ ਵੀ ਪਖ ਤੋਂ ਰਹਿਤ ਸਾਰਾ ਪਦਾਰਥ ਵੇਖਣਾ (1) ਕਿਸੇ ਪਖੋਂ ਵਸਤੂ ਦੇ ਵਿਸ਼ੇਸ਼ ਅੰਸ਼ ਦਾ ਗਿਆਨ। ਜਿਵੇਂ ਅਸੀਂ ਘੜਾ ਵੇਖਿਆ ਘੜੇ ਦਾ ਸਮੁਚਾ ਸਵਰੂਪ ਸਾਹਮਣੇ ਆ ਗਿਆ। ਪਰ ਸ਼ਹਿਰ ਤੋਂ ਬਾਹਰ ਜਾ ਕੇ ਯਾਦ ਆਇਆ "ਘੜਾ ਤਾਂ ਸ਼ਹਿਰ ਵਿਚ ਹੀ ਰਹਿ ਗਿਆ ਹੈ" ਇਹ ਗੱਲ ਵਸਤੂ, ਦਾ ਆਂਸ਼ਿਕ ਬੋਧ ਹੈ। ਸਾਰੇ ਸਵਰੂਪ ਦਾ ਬੋਧ ਹੀ ਪ੍ਰਮਾਣ ਹੈ। ਅਤੇ ਇਕ ਵਿਸ਼ੇਸ਼ ਅੰਸ਼ ਦਾ ਬੋਧ (ਗਿਆਨ) ਨਯ ਹੈ।

## ਪੰਜ ਪ੍ਰਮਾਣ

ਪ੍ਰਮਾਣ ਗਿਆਨ ਦੇ ਦੋ ਭੇਦ ਹਨ (1) ਪ੍ਰਤਖ (2) ਪਰੋਕਸ਼। ਜੋ ਗਿਆਨ ਆਤਮਾ ਦੇ ਪ੍ਰਤੀ ਅਰਥਾਤ ਬਾਹਰਲੇ ਸਾਧਨਾ ਇੰਦਰੀਆਂ ਤੇ ਮਨ ਨਾਲ ਵਿਖਾਈ ਦਿੰਦਾ ਹੈ ਉਹ ਪ੍ਰਤਖ ਹੈ (2) ਜੋ ਗਿਆਨ ਆਤਮਾ ਦੇ ਪਰ ਅਰਥਾਤ ਇੰਦਰੀਆਂ ਆਦਿ ਕਿਸੇ ਸਾਧਨ ਤੋਂ ਹੁੰਦਾ ਹੈ ਉਹ ਪਰੋਕਸ਼ ਹੈ। ਪਰੋਕਸ਼ ਗਿਆਨ ਦੋ ਪ੍ਰਕਾਰ ਦਾ ਹੈ। ਮਤਿ ਗਿਆਨ ਅਤੇ ਸ਼ਰੁਤ ਗਿਆਨ। ਪ੍ਰਤਖ ਗਿਆਨ ਤਿੰਨ ਪ੍ਰਕਾਰ ਦਾ ਹੈ ਅਵਧਿ ਗਿਆਨ, ਮਨ ਪਰਿ-ਆਏ ਕੇਵਲ ਗਿਆਨ। ਮਤੀ ਗਿਆਨ ਦੇ ਅਵਗ੍ਰਹਿ, ਈਹਾ, ਅਪਾਏ, ਧਾਰਨਾ ਆਦਿ ਭੇਦ ਦਾ ਵਰਨਣ ਪੰਜ ਪ੍ਰਕਾਰ ਦੇ ਗਿਆਨ ਅਧਿਐਨ ਵਿਚ ਅਸੀਂ ਕਰ ਆਏ ਹਨ। ਮਤਿ ਗਿਆਨ ਦਾ ਉਦਾਹਰਨ ਇਸ ਪ੍ਰਕਾਰ ਹੈ।

1) ਮਨ ਤੋਂ ਭਵਿਖ ਦਾ ਵਿਚਾਰ ਹੈ। 2) ਭੂਤ ਕਾਲ ਦੀ ਯਾਦ ਸਮਿਰਿਤੀ ਹੈ 3) ਵਰਤਮਾਨ ਦਾ ਵਿਚਾਰ ਸੰਗਿਆ ਜਾ ਮਤਿ ਹੈ 4) ਇਹ ਉਹ ਆਦਮੀ ਹੈ ਇਸ ਪ੍ਰਕਾਰ ਵਰਤਮਾਨ ਤੇ ਭੂਤਕਾਲ ਦੀ ਖੋਜ ਪ੍ਰਤਿਅਭਿਗਿਆ ਹੈ 5) ਅਜੇਹੀ ਗੱਲ ਹੋਵੇ ਤਾਂ ਅਜਿਹਾ ਹੀ ਹੋਣਾ ਚਾਹੀਦਾ ਹੈ। ਇਹ ਵਿਕੱਲਪ ਤਰਕ ਹੈ। 6) ਹੇਤੂ (ਕਾਰਣ) ਨੂੰ ਵੇਖਕੇ ਕਲਪਨਾ ਦਾ ਹੋਣਾ ਅਨੁਮਾਨ ਹੈ ਜਿਵੇਂ ਨਦੀ ਵਿਚ ਹੜ ਨੂੰ ਵੇਖਕੇ ਆਖਣਾ 'ਵਰਖਾ ਹੋਈ ਸੀ' 7) ਵਿਖਾਈ ਦੇਣ ਵਾਲੀ ਜਾਂ ਸੁਣੀ ਜਾ ਰਹੀ ਵਸਤੂ ਦੀ ਸਥਿਤੀ ਤੋਂ ਅਣਹੋਂਦ ਨਹੀਂ ਹੋ ਸਕਦੀ। ਇਥੇ ਅਰਥ ਉਤਪਤਿ ਹੈ ਜਿਵੇਂ ਇਕ ਆਦਮੀ ਸ਼ਕਤੀ-ਸ਼ਾਲੀ ਹੈ ਉਹ ਦਿਨ ਵਿਚ ਭੋਜਨ ਨਹੀਂ ਕਰਦਾ। ਜਾਹਰ ਹੈ ਉਹ ਰਾਤ ਨੂੰ ਜਰੂਰ ਕਰੇਗਾ।

ਸ਼ਰੁਤ ਗਿਆਨ ਦੇ ਭੇਦ ਵੀ 5 ਪ੍ਰਕਾਰ ਗਿਆਨ ਪਾਠ ਤੋਂ ਜਾਣ ਲੈਣੇ ਚਾਹੀਦੇ ਹਨ

ਜਿਸ ਵਿਚ ਆਗਮਾ ਦਾ ਗਿਆਨ ਵੀ ਸ਼ਾਮਲ ਹੈ।

ਅਵਧੀ ਗਿਆਨ ਦਾ ਦਰਵ, ਖੇਤਰ, ਕਾਲ ਤੇ ਭਾਵ ਦੀ ਮਰਿਆਦਾ ਜੋ ਗਿਆਨ ਦਰਵ ਰੂਪੀ ਸੰਬੰਧੀ ਹੋਵੇ, ਇੰਦਰੀਆ ਦੀ ਸਹਾਇਤਾ ਤੋਂ ਬਿਨਾ ਆਤਮਾ ਨੂੰ ਪ੍ਰਤਖ ਹੋਵੇ ਉਹ ਅਵਧੀ ਗਿਆਨ ਹੈ। ਦੇਵਤਿਆਂ ਤੇ ਨਾਰਕੀਆ ਨੂੰ ਇਹ ਜਨਮ ਤੋਂ ਹੁੰਦਾ ਹੈ।

ਮਨ ਪ੍ਰਯਭਵ ਗਿਆਨੀ ਲਈ ਜ਼ਰੂਰੀ ਹੈ ਕਿ ਉਹ ਮਨੁਖ ਹੋਵੇ, ਗਰਭ ਤੋਂ ਪੈਦਾ ਹੋਵੇ, ਕਰਮ ਭੂਮੀ ਦਾ ਹੋਵੇ, ਪਰਿਆਪਤ ਹੋਵੇ ਸਮਿਅੱਕਤਵੀ ਤੇ ਮੁਨੀ ਹੋਵੇ, ਅਪ੍ਰਮਾਦੀ ਹੋਵੇ ਅਨੇਕ ਲੱਬਧੀ ਦਾ ਧਾਰਕ ਨੂੰ ਹੀ ਮਨ ਪ੍ਰਯਭਵ ਗਿਆਨ ਹੁੰਦਾ ਹੈ। ਉਹ ਆਤਮ ਸ਼ਕਤੀ ਨਾਲ ਹਨ ਦੇ ਭੂਤ, ਭਵਿਖ, ਵਰਤਮਾਨ ਭਾਵਾਂ ਨੂੰ ਜਾਣਦਾ ਹੈ ਇਹ ਗੱਲਾਂ ਅਵਧੀ ਗਿਆਨੀ ਨਹੀਂ ਜਾਣਦਾ।

ਕੇਵਲ ਗਿਆਨ ਬਾਰੇ ਕਾਫੀ ਚਰਚਾ ਅਸੀਂ ਪਹਿਲਾ ਕਰ ਚੁਕੇ ਹਾਂ ਜੋ ਸਭ ਰੂਪੀ ਅਰੂਪੀ, ਪਦਾਰਥਾਂ ਨੂੰ ਸਭ ਪਾਸੇ ਤੋਂ ਜਾਣੇ ਅਤੇ ਸੰਪੂਰਨ ਲੋਕ, ਆਲੋਕ ਨੂੰ ਜਾਣੇ। ਇਸ ਕਾਰਣ ਉਨ੍ਹਾਂ ਦੇ ਬਚਨ ਆਗਮ ਪ੍ਰਮਾਣ ਹਨ ਗਿਆਨ ਪਖੋਂ ਪ੍ਰਮੁਖ ਤੇ ਪਰੋਕਸ਼ ਮਾਨਤਾ ਪਰਮਾਰਿਥਕ ਦਰਿਸ਼ਟੀ ਤੋਂ ਹੈ। ਵਿਵਹਾਰ ਤੋਂ ਇੰਦਰੀਆਂ ਰਾਹੀਂ ਹੋਣ ਵਾਲਾ ਪ੍ਰਤਖ ਗਿਆਨ ਹੀ ਪ੍ਰਤੱਖ ਮੰਨਿਆ ਜਾਂਦਾ ਹੈ। ਇਹ ਸਾਂਵਿਵਹਾਰਿਕ ਪ੍ਰਤੱਖ ਹੈ। ਮਤਿ ਅਤੇ ਸ਼ਰੁਤ ਗਿਆਨ ਵਿਚ ਪ੍ਰਤੱਖ, ਅਨੁਮਾਨ, ਉਪਮਾਨ, ਆਗਮ, ਅਰਥਾਪਤਿ ਆਦਿ ਪ੍ਰਮਾਣ ਆ ਜਾਂਦੇ ਹਨ। ਵਾਦੀਆ (ਵਾਦਵਿਵਾਦ) ਦੀ ਸਭਾ ਵਿਚ ਪ੍ਰਮੁੱਖ ਤੌਰ ਤੇ ਆਗਮ ਪ੍ਰਮਾਣ ਪ੍ਰਤੱਖ ਅਤੇ ਅਨੁਮਾਨ ਵਿਚ ਇਕ ਪ੍ਰਤੱਖ ਵਿਖਾਈ ਦੇਨ ਵਾਲੀ, ਜਾ ਸੁਣਾਈ ਦੇਣ ਵਾਲੀ ਵਸਤੂ ਅਰਥਾਤ ਹੇਤੂ ਦੇ ਅਧਾਰ ਤੇ ਉਸਦੇ ਨਾਲ ਜ਼ਰੂਰ ਜੁੜੀ ਦੂਸਰੀ ਵਸਤੂ ਦੀ ਹੋਂਦ ਦਾ ਨਿਰਣਾ ਕੀਤਾ ਜਾਂਦਾ ਹੈ। 1) ਵਾਦ ਵਿਵਾਦ ਦੇ ਸ਼ੁਰੂ ਵਿਚ ਹੱਕ ਤੇ ਜੋ ਪਹਿਲੀ ਸਥਾਪਨਾ ਕੀਤੀ ਜਾਂਦੀ ਹੈ ਉਸ ਨੂੰ ਪ੍ਰਤਿਗਿਆ ਵਾਕ ਆਖਦੇ ਹਨ ਜਿਵੇਂ ਪਰਬਤ ਤੇ ਅੱਗ ਹੈ। 2) ਹੇਤੂ ਵਾਕ ਉਸ ਨੂੰ ਆਖਦੇ ਹਨ ਜਿਵੇਂ ਕਿਉਂਕਿ ਧੂਆਂ ਵਿਖਾਈ ਦੇ ਰਿਹਾ ਹੈ। ਇਸ ਲਈ ਅੱਗ ਹੈ। 3) ਵਿਆਪਤੀ ਆਦਿ ਲਈ ਹੋਰ ਉਦਾਹਰਨ ਹੈ ਜਿਵੇਂ ਜਿਥੇ ਧੂਆ ਹੁੰਦਾ ਹੈ ਉਥੇ ਅੱਗ ਜਰੂਰ ਹੁੰਦੀ ਹੈ ਜਿਵੇਂ ਰਸੋਈ ਘਰ।

ਸਾਧਨ ਅਗਨੀ ਤੇ ਹੇਤੂ ਧੂਏਂ ਦਾ ਅਵਿਨਾਭਾਵੀ ਹੈ। ਅੱਗ ਦੇ ਬਿਨਾ ਧੂਏਂ ਦਾ ਭਾਵ ਸਦਭਾਵ ਦੀ ਹੋਂਦ ਨਹੀਂ। ਅਵਿਨਾਭਾਵੀ ਦਾ ਅਰਥ ਹੈ ਜੋ ਜਿਸ ਦੇ ਆਸਰੇ ਤੋਂ ਬਿਨਾ ਨਾ ਹੋ ਸਕੇ। ਇਸੇ ਪ੍ਰਕਾਰ ਧੂਆ ਅੱਗ ਦਾ ਅਨਯਾਨੁਪਪਨਾ ਅਰਥਾਤ ਧੂਆ ਅੱਗ ਦੀ ਹੋਂਦ ਤੋਂ ਬਿਨਾ ਸੰਭਵ ਨਹੀਂ। ਧੂਆਂ ਵਿਆਪਯ ਅਤੇ ਅਗਨੀ ਵਿਆਪਕ ਹੈ।

ਵਿਆਪਯ ਅਤੇ ਵਿਆਪਕ ਦੇ ਵਿਚਕਾਰ ਵਿਆਪਤੀ ਦਾ ਗਿਆਨ ਹੋਵੇ ਤਾਂ ਵਿਆਪਯ ਤੋਂ ਵਿਆਪਕ ਦਾ ਅਨੁਮਾਨ ਹੋ ਸਕਦਾ ਹੈ। ਇਹ ਅਨਵਯੋ-ਵਿਆਪਤਿ ਤੇ ਹੁੰਦਾ ਹੈ। ਵਿਆਪਕ ਦੀ ਅਣਹੋਂਦ ਤੋਂ ਵਿਆਪਯ ਦਾ ਗਿਆਨ ਸੰਭਵ ਹੈ ਇਸ ਨੂੰ ਵਿਯਤਿਰੇਕੀ

ਵਿਆਪਤੀ ਆਖਦੇ ਹਨ। 4) ਵਿਆਪਤੀ ਅਤੇ ਉਦਾਹਰਨ ਦਾ ਗਿਆਨ ਹੋ ਜਾਣ ਤੇ ਉਸ ਦਾ ਸਾਰ ਕੀਤਾ ਜਾਂਦਾ ਹੈ ਉਹ ਉਪਨਯ ਹੈ। ਜਿਵੇਂ ਪਰਵਤ ਤੇ ਅਗਨੀ ਦਾ ਧੂਆ ਵਿਆਪਯ ਧੂਆ ਹੈ 5) ਫੇਰ ਇਹ ਨਿਰਨਾ ਹੁੰਦਾ ਹੈ ਕਿ ਪਰਵਤ ਤੇ ਅੱਗ ਹੈ, ਇਹ ਨਿਗਮਨ ਹੈ। ਇਹ 5 ਅਵਯਵ ਪਦਾਰਥ ਅਨੁਮਾਨ ਵਿਚ ਜਰੂਰੀ ਹਨ। ਸਵਾਰਥਨੁਮਾਨ ਹੇਤੂ ਨਿਗਮਨ ਦੇ ਪ੍ਰਕਾਰ ਨਾਲ ਹੁੰਦਾ ਹੈ। ਆਤਮਾ, ਪਰਲੋਕ ਅਤੇ ਕਰਮ ਆਦਿ ਅਤਿੰਦਰੀ-ਆਂ ਪਦਾਰਥਾਂ ਦਾ ਨਿਰਣਾ ਆਗਮ ਪ੍ਰਮਾਣ ਤੋਂ ਕੀਤਾ ਜਾਂਦਾ ਹੈ।

## ਨਯ

ਸ੍ਰੀ ਸਥਾਨੰਗ ਸੂਤਰ ਦੀ ਟੀਕਾ ਵਿਚ ਅਚਾਰੀਆ ਅਭੈ ਦੇਵ ਸੂਰੀ ਜੀ ਫੁਰਮਾਂਦੇ ਹਨ "ਅਨੰਤ ਧਰਮ [ਸੁਭਾਵ] ਵਾਲੀ ਵਸਤੂ ਦਾ ਇਕ ਅੰਸ ਰੂਪ ਗਿਆਨ ਜਿਸ ਰਾਹੀਂ ਹੁੰਦਾ ਹੈ ਉਹ ਗਿਆਨ ਅੰਸ ਹੀ ਨਯ ਹੈ। ਨਯ ਦੇ ਦੋ ਪ੍ਰਮੁਖ ਹੀ ਭੇਦ ਹੋ ਸਕਦੇ ਹਨ (1) ਸਮਾਨਤ [ਆਮ] (2) ਵਿਸ਼ੇਸ਼ [ਖਾਸ]

ਭਾਵ ਵਸਤੂ ਦੇ ਅਨੇਕ ਅੰਸ਼ਾ ਵਿਚੋਂ ਇਕ ਅੰਸ਼ ਨੂੰ ਮੁਖ ਰਖਨਾ, ਬਾਕੀ ਅੰਸ਼ਾਂ ਪ੍ਰਤਿ ਉਦਾਸੀਨਤਾ ਹੀ ਨਯ ਹੈ। ਹਰ ਨਯ ਵਚਨ ਰਾਹੀਂ ਪ੍ਰਗਟ ਹੁੰਦਾ ਹੈ ਨਯ ਨੂੰ ਵਚਨ ਆਤਮਕ ਆਖ ਸਕਦੇ ਹਾਂ ਨਯ ਦੇ ਅਨਗਿਣਤ ਭੇਦ ਹਨ। ਮੌਲਿਕ ਰੂਪ ਵਿਚ ਦੋ ਵਰਗ ਹਨ ਪਦਾਰਥ ਦੇ ਭਿੰਨ ਅਤੇ ਅਭਿੰਨ ਧਰਮ। ਭੇਦ ਪਰਕ ਅਤੇ ਅਭੇਦ ਪਰਕ ਹਨ।

ਕਿਸੇ ਪੱਖੋਂ ਨਯ ਦੋ ਪ੍ਰਕਾਰ ਦਾ ਹੈ ਭਾਵ ਨਯ ਅਤੇ ਦਰਵ ਨਯ। ਗਿਆਨਤਮਕ ਨਯ ਭਾਵ ਨਯ ਹੈ ਅਤੇ ਵਚਨਾਤਮਕ ਨਯ ਦਰਵ ਨਯ ਹੈ। ਪਰਖਨ ਦੀਆਂ ਦੋ ਦ੍ਰਿਸ਼ਟੀਆ ਹਨ। ਦਰੱਵ ਨੂੰ ਮੂਲ ਰੂਪ ਵਿਚ ਨਿਸ਼ਾਨਾ ਰਖਕੇ ਚਲਨ ਵਾਲਾ ਦਰਵ ਪਰਿਆਰਥਕ ਨਯ ਹੈ। ਦਰੱਵ ਪਰਿਆਵੇ ਦਾ ਰੂਪਾਂਤਰ ਹੈ ਸਵਿਕਾਰ ਕਰਨ ਵਾਲਾ ਪਰਿਆਏ ਆਰਥਿਕ ਨਯ ਹੈ। ਵਸਤੂ ਵਿਗਿਆਨ ਦੀ ਦਰਿਸ਼ਟੀ ਤੋਂ ਵਸਤੂ ਦਰਵ ਪਰਿਆਏਤਾਮਕ ਹੈ। ਇਸ ਅਧਾਰ ਤੇ ਦੋ ਦ੍ਰਿਸ਼ਟੀਆਂ ਬਨਦੀਆਂ ਹਨ। ਨਿਸ਼ਚੇ ਵਿਚ ਵਸਤੂ ਸੰਥਿਤੀ ਨੂੰ ਸਵੀਕਾਰ ਨਿਸ਼ਚੇ ਨਯ ਹੈ ਮੋਟੀ ਪਰਿਆਏ ਜਾ ਲੋਕ ਸਮਤ ਤਥ ਨੂੰ ਮੰਨਣ ਵਿਵਹਾਰ ਨਯ ਹੈ। ਨਿਸ਼ਚੇ ਦ੍ਰਿਸ਼ਟੀ ਸਾਧਯ ਵਲ ਅਤੇ ਵਿਵਹਾਰ ਦਰਿਸ਼ਟੀ ਸਾਧਨ ਵਲ ਹੁੰਦੀ ਹੈ ਨਯ ਦੇ ਦੋ ਹੋਰ ਵਰਗ ਕੀਤੇ ਗਏ ਹਨ। ਜੋ ਗਿਆਨ ਨੂੰ ਮੁਕਤੀ ਦਾ ਸਾਧਨ ਮਾਨ ਉਹ ਗਿਆਨ ਨਯ ਅਤੇ ਕ੍ਰਿਆ ਨੂੰ ਮੁਕਤੀ ਦਾ ਸਾਧਨ ਮੰਨਣ ਵਾਲਾ ਕ੍ਰਿਆ ਨਯ ਹੈ।

7 ਨਯ :

(1) ਨੈਗਮ—ਜੋ ਨਯਾਤਮਕ ਵਿਚਾਰ ਪਦਾਰਥ ਵਿਚ ਰਹਿੰਦੇ ਹੋਏ ਆਮ ਤੇ ਖਾਸ ਦੋਹੇ ਧਰਮਾਂ ਨੂੰ ਆਪਣਾ ਵਿਸ਼ੇ ਬਨਾਉਂਦਾ ਹੈ ਅਤੇ ਪਦਾਰਥ ਨੂੰ ਕਿਸੇ ਇਕ ਧਰਮ ਵਾਲਾ ਨਹੀਂ ਮੰਨਦਾ। ਉਹ ਨਯ ਨੈਗਮ ਨਯ ਹੈ ਜਿਵੇਂ ਆਤਮਾ ਸਤ ਹੈ ਪਰ ਚੇਤੰਨ ਹੈ। ਇਥੇ ਚੇਤਨ ਧਰਮ (ਸੁਭਾਵ) ਪ੍ਰਮੁਖ ਹੈ। ਸਤ ਧਰਮ ਗੁਪਤ ਹਨ ਇਹੋ ਨੈਗਮ ਨਯ ਹੈ।

(2) ਸੰਗ੍ਰਹਿ ਨਯ :—ਪਦਾਰਥਾਂ ਵਿਚ ਰਹੇ ਹੋਏ ਆਮ ਧਰਮ ਦੇ ਅਧਾਰ ਤੇ ਹੋਰ ਬਾਕੀ ਵਿਸ਼ੇਸ਼ ਦਾ ਵਿਚਾਰ ਨਾ ਕਰਨਾ। ਇਹ ਨਯ ਭੂਤ, ਵਰਤਮਾਨ ਅਤੇ ਭਵਿਖ ਤਿੰਨ ਭੇਦਾ ਵਾਲਾ ਹੈ। ਪਦਾਰਥ ਦੇ ਸਮਾਨਯ (ਸਧਾਰਨ) ਨਯ ਨੂੰ ਮੰਨਣਾ ਸੰਗ੍ਰਹਿ ਨਯ ਹੈ।

(3) ਵਿਵਹਾਰ ਨਯ :—ਇਹ ਮਹੱਤਵ ਪੂਰਨ ਨਯ ਹੈ। ਜਿਸ ਵਿਚਾਰ ਵਿਸ਼ੇਸ਼ ਰਾਹੀਂ ਸੰਗ੍ਰਹਿ ਨਯ ਰਾਹੀਂ ਜਾਨੇ ਪਦਾਰਥਾਂ ਦਾ ਵਿਧੀ ਪੂਰਵਕ ਭੇਦ ਕੀਤਾ ਜਾਂਦਾ ਹੈ ਵਿਵਹਾਰ ਸੰਸਾਰਿਕ ਪਖੋਂ ਧਿਆਨ ਨਾਲ ਕੀਤਾ ਜਾਂਦਾ ਹੈ ਉਹ ਵਿਵਹਾਰ ਨਯ ਹੈ। ਇਹ ਨਯ ਵਿਸ਼ੇਸ਼ ਤੇ ਜ਼ਿਆਦਾ ਧਿਆਨ ਦਿੰਦਾ ਹੈ। ਆਮ ਨੂੰ ਅਪਣਾ ਅਧਾਰ ਨਹੀਂ ਬਨਾਉਂਦਾ। ਜਿਵੇਂ ਜੋ ਸਤ ਰੂਪ ਹੁੰਦਾ ਹੈ ਉਹ ਨਾ ਤਾਂ ਦਰਵ ਰੂਪ ਹੁੰਦਾ ਹੈ ਨਾ ਪਰਿਆਏ ਰੂਪ। ਜੀਵ ਦੋ ਤਰ੍ਹਾਂ ਦੇ ਹਨ (1) ਸੰਸਾਰੀ (2) ਮੁਕਤ। ਇਹੋ ਭੇਦ ਕਰਨਾ ਵਿਵਹਾਰ ਨਯ ਦਾ ਕੰਮ ਹੈ।

(4) ਰਿਜੂ ਨਯ :—ਪਦਾਰਥ ਵਿਚ ਰਹੀ ਹੋਈ ਭੂਤ, ਭਵਿਖ ਕਾਲ ਦੀ ਪਰਿਆਏ ਦਾ ਵਿਚਾਰ ਨਾ ਕਰਦੇ ਹੋਏ ਵਰਤਮਾਨ ਕਾਲ ਦੀ ਪਰਿਆਏ ਦਾ ਵਿਚਾਰ ਰਿਜੂ ਨਯ ਹੈ।

(5) ਸ਼ਬਦ ਨਯ :—ਕਾਲ, ਕਾ ਨ, ਲਿੰਗ, ਸੰਖਿਆ, ਪੁਰਸ਼, ਵਚਨ ਤੇ ਉਪਸਰਗ ਆਦਿ ਵਿਆਕਰਨ ਭੇਦਾਂ ਦੇ ਅਧਾਰ ਤੇ ਇਕ ਹੀ ਪਦਾਰਥ ਭੇਦ ਰੂਪ ਜਾਣਨਾ ਉਹ ਸ਼ਬਦ ਨਯ ਹੈ।

6) ਸਮਭਿਰੂੜ ਨਯ : ਇਸ ਨਯ ਦੀ ਮਾਨਤਾ ਹੈ ਕਿ ਵਸਤੂ ਵਿਚ ਸ਼ਬਦ ਦਾ ਅਰਥ ਜਾਹਰ ਹੁੰਦਾ ਹੋਵੇ ਤਾਂ ਹੀ ਉਸ ਵਸਤੂ ਨੂੰ ਸਵੀਕਾਰ ਕੀਤਾ ਜਾਵੇ।

'ਇਕ ਹੀ ਪਦਾਰਥ ਦੇ ਭਿੰਨ ਭਿੰਨ ਪਰਿਆਏ ਦੇ ਅਧਾਰ ਤੇ ਪਰਿਆਏ ਸ਼ਬਦ ਉਤਪਤਿ ਨੂੰ ਲੈ ਕੇ ਉਸ ਇਕ ਪਦਾਰਥ ਨੂੰ ਹੀ ਵਿਵਿਧ ਪਦਾਰਥ ਰੂਪ ਨਾਲ ਸੁਨਣ ਵਾਲਾ ਨਯ ਸਮਭਿਰੂੜ ਨਯ ਹੈ ਜਿਥੇ ਲਿਖੇ ਸ਼ਬਦ ਦਾ ਭੇਦ ਹੈ ਉਥੇ ਅਰਥ ਦਾ ਭੇਦ ਜਰੂਰ ਹੈ।

(7) ਭੂਤ ਨਯ :—ਜਿਸ ਸਮੇਂ ਵਿਚ ਪਦਾਰਥ ਵਿਚ ਆਪਣੀ ਉਤਪਤਿ ਦੇ ਅਨੁਸਾਰ ਹੀ ਅਰਥ ਕ੍ਰਿਆ ਹੁੰਦੀ ਹੋਈ ਪਾਈ ਜਾਵੇ ਤਾਂ ਉਸ ਸਮੇਂ ਉਸ ਪਦਾਰਥ ਨੂੰ ਉਸ ਵਾਚਕ (ਸੰਬੰਧਿਤ) ਸ਼ਬਦ ਨਾਲ ਬੋਲਿਆ ਜਾਵੇ, ਹੋਰ ਸ਼ਬਦ ਨਾਲ ਨਹੀਂ, ਅਜਿਹੀ ਧਾਰਨਾ ਭੂਤ ਨਯ ਦੀ ਹੈ ਜਿਵੇਂ ਪੜ੍ਹਾਉਂਦਾ ਹੋਈਆ ਆਦਮੀ ਹੀ ਅਧਿਆਪਕ ਹੈ ਜੋ ਉਹ ਹੋਰ ਕੰਮ ਕਰਦਾ ਹੈ ਤਾਂ ਅਧਿਆਪਕ ਨਹੀਂ।

ਸਾਰੇ ਨਯ ਅਨੇਕਾਂਤ ਵਾਦ ਦਾ ਭਾਗ ਹਨ। ਅਧਿਆਤਮ ਪਖੋਂ ਦੋ ਨਯ ਹਨ (1) ਨਿਸ਼ਚੈ (2) ਵਿਵਹਾਰ ਨਿਸ਼ਚੈ। ਨਯ ਪਦਾਰਥ ਦੇ ਮੂਲ, ਸ਼ੁਧ, ਸਵਰੂਪ ਦਾ ਗਿਆਨ ਕਰਾਉਣ ਵਿਵਹਾਰ ਨਯ ਪਦਾਰਥ ਪਰ ਸਾਪੇਖ, ਪਰ ਆਸਰਿਤ, ਕਾਰਣ, ਨਮਿਤ ਰੂਪ ਦਾ ਵਰਨਣ ਕਰਦਾ ਹੈ। ਨਿਸ਼ਚੈ ਨਯ ਹੀ ਅਸਲ ਹੈ। ਨਯਵਾਦ ਏਕਾਂਤ ਵਾਦ ਨਹੀਂ, ਇਹ ਅਪੇਕਸ਼ਾ ਵਾਦੀ ਹੈ। ਭਿੰਨ 2 ਨਯਾ ਰਾਹੀਂ ਕੀਤੇ ਗਿਆਨ ਨਾਲ ਅਸੀਂ ਇਕ ਹੀ ਪਦਾਰਥ

ਦੇ ਇਕ ਅੰਸ਼ ਨੂੰ ਪ੍ਰਮੁਖ ਮੰਨਦੇ ਹਨ ਅਤੇ ਇਕ ਨੂੰ ਗੁਪਤ ਮੰਨਦੇ ਹਨ। ਸੋ ਕੋਈ ਅੰਸ਼ ਵੀ ਛਡਨ ਯੋਗ ਨਹੀਂ।

ਅਚਾਰੀਆ ਸਿਧ ਸੇਨ ਲਿਖਦੇ ਹਨ :

"ਬੱਡੂਰਿਆ, ਨੀਲਮ ਰਤਨ ਇਕੱਠੇ ਵਿਖਰੇ ਪਏ ਹਨ। ਉਨ੍ਹਾਂ ਦੀ ਕਿਨੀ ਵੀ ਕੀਮਤ ਹੋਏ ਜਦ ਤਕ ਰਤਨ ਮਾਲਾ ਨਹੀਂ ਬਨਦੀ, ਕੌਣ ਪੁਛਦਾ ਹੈ ? ਇਸੇ ਪ੍ਰਕਾਰ ਸਾਰੇ ਨਯ ਆਪਣੇ 2 ਪਖੋਂ ਕਿਨੇ ਵੀ ਸੱਚ ਹੋਣ, ਪਰ ਜਦ ਅਨੇਕਾਂਤ ਰੂਪੀ ਮਾਲਾ ਵਿਚ ਨਹੀਂ ਪ੍ਰਰਦੇ, ਇਨ੍ਹਾਂ ਦੀ ਕੋਈ ਸੁਤੰਤਰ ਹੋਂਦ ਨਹੀਂ।